# ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ

**ਆਪਣੇ 44 ਵੇਂ ਸਾਲ ਵਿੱਚ ਪ੍ਰਵੇਸ਼ ਕਰ ਚੁੱਕਾ ਹੈ, ਹੁਣ ਤੱਕ ਦੋਵੇਂ ਸੰਸਥਾਵਾਂ ਰਾਸ਼ਟਰੀ ਵਿੱਦਿਅਕ ਮਾਪ ਦੰਡ ਪੂਰੇ ਕਰ ਚੁੱਕੀਆਂ ਹਨ। ਅਗਲੇਰੇ ਪੰਧ ਲਈ ਸਹੀ ਸੇਧ ਦੂਰ ਦ੍ਰਿਸ਼ਟੀ ਵਿੱਦਿਅਕ ਖੋਜਾਂ ਵੱਲ ਰੁਚਿਤ ਫੈਕਲਟੀ ਨਾਲ ਲੈਸ ਹੋ ਕੇ ਚਲਣ ਦੀ ਹੈ, ਪਿਛਲੇ ਸਾਲਾਂ ਦੇ ਸਫਰ ਦੀ ਸੰਖੇਪ ਰਿਪੋਰਟ ਹਾਊਸ ਅੱਗੇ ਰੱਖ ਰਿਹਾ ਹਾਂ।**












## ਬਿਲਡਿੰਗ ਉਸਾਰੀ :-

1. ਬੇਲਾ ਕਾਲਜ ਵਿੱਚ ਯੂਕੋ ਬੈਂਕ ਦੀ ਬਿਲਡਿੰਗ ਖਾਲੀ ਹੋਣ ਉਪਰੰਤ ਉੱਥੇ ਨਵੇਂ ਮਿਲੇ ਬੈਚੁਲਰ ਵੋਕੇਸ਼ਨਲ ਕੋਰਸ ਦੀਆਂ ਪ੍ਰਯੋਗਸ਼ਾਲਵਾਂ ਲਈ ਨਵੀਂ ਬਿਲਡਿੰਗ ਦੀ ਉਸਾਰੀ ਕੀਤੀ ਗਈ ਜਿਸ ਵਿੱਚ 4 ਉੱਚ ਪੱਧਰੀ ਪ੍ਰੋਯੋਗਸਾਲਵਾਂ ਉਸਾਰੀਆਂ ਗਈਆਂ। ਅਤਿ-ਆਧੁਨਿਕ ਢੰਗ ਦੀ ਬਣਾਈ ਇਸ ਬਿਲਡਿੰਗ ਦਾ ਉਦਘਾਟਨ ਸ.ਚਰਨਜੀਤ ਸਿੰਘ ਚੰਨੀ, ਤਕਨੀਕੀ ਸਿੱਖਿਆ ਮੰਤਰੀ ਪੰਜਾਬ ਸਰਕਾਰ ਨੇ ਆਪਣੇ ਕਰ ਕਮਲਾਂ ਨਾਲ਼ ਕੀਤਾ। ਹੁਣ ਇਸ ਬਿਲਡਿੰਗ ਵਿੱਚ ਬੀ.ਵਾਕ ਫੂਡ ਪ੍ਰੋਸੈਸਿੰਗ ਅਤੇ ਤੇ ਬਾਇਓਟੈਕਨਾਲਜੀ ਦੀਆਂ ਕਲਾਸਾਂ ਲੱਗ ਰਹੀਆਂ ਹਨ ਅਤੇ ਇਸ ਵਿੱਚ ਪਹਿਲੀ ਮੰਜਿਲ ਉਸਾਰੀ ਅਧੀਨ ਹੈ। ਇਸ ਦਾ ਨੀਂਹ ਪੱਥਰ ਸੰਤ ਬਾਬਾ ਪਰਮਜੀਤ ਸਿੰਘ ਜੀ ਹੰਸਾਲ਼ੀ ਵਾਲਿਆਂ ਨੇ ਰੱਖਿਆ ਸੀ।
2. ਸ. ਉਮਰਾਓ ਸਿੰਘ ਮੈਨੇਜਮੈਂਟ ਬਲਾਕ ਮੁਕੰਮਲ ਹੋਣ ਉਪਰੰਤ ਮਿਤੀ 21/04/2016 ਨੂੰ ਸ. ਪਰਮਜੀਤ ਸਿੰਘ ਉਮਰਾਨੰਗਲ ਆਈ.ਜੀ. ਪਟਿਆਲਾ ਰੇਂਜ ਅਤੇ ਸ. ਵਰਿੰਦਰਪਾਲ ਸਿੰਘ ਐਸ.ਐਸ.ਪੀ. ਰੂਪਨਗਰ ਨੇ ਉਦਘਾਟਨ ਕੀਤਾ ਜਿਸ ਵਿੱਚ ਸ਼ਾਨਦਾਰ ਏਅਰ ਕੰਡੀਸ਼ਨ ਮੀਟਿੰਗ ਹਾਲ ਅਤੇ ਮੈਨੇਜਮੈਂਟ ਦਫਤਰ ਸੰਪੂਰਨ ਹੋ ਚੁੱਕਾ ਹੈ।
3. ਨਵੀਆਂ ਪ੍ਰਯੋਗਸ਼ਾਲਾਵਾਂ ਉਸਾਰਨ ਕਾਰਨ ਲੱਕੜੀ ਦੇ ਕਾਰਖਾਨੇ ਲਈ ਨਵੇਂ ਬਣੇ ਖੇਡ ਗਰਾਊਂਡ ਨਾਲ਼ ਇੱਕ ਵੱਡੇ ਕਮਰੇ ਦੀ ਉਸਾਰੀ ਕੀਤੀ ਗਈ।
4. ਫਾਰਮੇਸੀ ਕਾਲਜ ਉਪਰਲੀ ਮੰਜਿਲ ਦੀ ਮੁਕੰਮਲ ਉਸਾਰੀ ਕੀਤੀ ਗਈ। ਜਿਸ ਵਿੱਚ ਫਾਰਮੇਸੀ ਦੇ ਨਵੇਂ ਕੋਰਸ ਸ਼ੁਰੂ ਕੀਤੇ ਗਏ ਹਨ।

## ਖੇਡ ਗਰਾਊਂਡ :-

ਮਹਾਂਰਾਣੀ ਸਤਿੰਦਰ ਕੌਰ ਸਕੂਲ ਦੇ ਸਾਹਣੇ ਪਈ ਖਾਲੀ ਥਾਂ ਨੂੰ ਸ਼ਾਨਦਾਰ ਖੇਡ ਗਰਾਊਂਡ ਦੇ ਤੌਰ ਤੇ ਵਿਕਸਿਤ ਕੀਤਾ ਗਿਆ ਜਿਸ ਦਾ ਤਿੰਨੋਂ ਸੰਸਥਾਵਾਂ ਨੂੰ ਲਾਭ ਮਿਲਿਆ ਹੈ।

## ਵਿੱਦਿਅਕ ਖੇਤਰ :-

ਆਪ ਜੀ ਨੂੰ ਇਹ ਜਾਣ ਕਿ ਖੁਸ਼ੀ ਹੋਵੇਗੀ ਕਿ ਬੀ.ਐੱਸ.ਸੀ. ਬਾਇਓਟੈਕਨੋਲਜੀ ਦੇ ਵਿਸ਼ੇ ਵਿੱਚ ਬੀ.ਐੱਸ.ਸੀ. ਬਾਇਓਟੈਕਨੋਲਜੀ ਆਨਰਸ ਮਨਜ਼ੂਰ ਹੋ ਗਈ ਹੈ। ਇਸ ਸਬੰਧੀ ਸਕੱਤਰ ਪ੍ਰਬੰਧਕ ਕਮੇਟੀ ਯੂਨੀਵਰਸਿਟੀ ਵਾਇਸ ਚਾਂਸਲਰ ਨੂੰ ਮਿਲੇ ਜਿਥੇ ਉਨ੍ਹਾ ਨੇ ਇਸ ਦੀ ਮਨਜ਼ੂਰੀ ਦਾ ਵਿਸ਼ਵਾਸ ਦਿੱਤਾ ਸੀ।

ਇਸ ਸਮੇਂ ਦੌਰਾਨ ਕਾਲਜ ਦੇ ਵਿੱਦਿਅਕ ਨਤੀਜੇ ਸੰਤੋਸ਼ ਜਨਕ ਰਹੇ। ਬਾਇਓਟੈਕਨਾਲੋਜੀ ਦੇ 9 ਵਿਦਿਆਰਥੀਆਂ ਨੇ ਮੈਰਿਟ ਲਿਸਟ ਵਿੱਚ ਥਾਂ ਪ੍ਰਾਪਤ ਕੀਤੀ। ਇਸ ਵਿਭਾਗ ਦੀ ਐਮ.ਐਸ.ਸੀ. ਦੀ ਵਿਦਿਆਰਥਣ ਰਮਿੰਦਰ ਕੌਰ ਨੇ ਯੂਨੀਵਰਸਿਟੀ ਗੋਲਡ ਮੈਡਲ ਹਾਸਲ ਕੀਤਾ। ਇਸ ਵਿਸ਼ੇ ਵਿੱਚ ਕਾਲਜ ਦਾ ਸ਼ਾਨਦਾਰ ਰਿਕਾਰਡ ਰਿਹਾ ਹੈ ਅਤੇ ਲਗਾਤਾਰ ਪਿਛਲੇ ਕਈ ਸਾਲਾਂ ਤੋਂ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਆ ਰਿਹਾ ਹੈ।

ਨਵੇਂ ਸ਼ੁਰੂ ਕੀਤੇ ਡਿਗਰੀ ਕੋਰਸ ਬੀ.ਵਾਕ ਫੂਡ ਪ੍ਰੋਸੈਸਿੰਗ ਅਤੇ ਬੀ.ਵਾਕ ਰਿਟੇਲ ਮੈਨੇਜਮੈਂਟ ਐਂਡ ਆਈ.ਟੀ. ਦੇ ਨਤੀਜੇ ਸ਼ਾਨਦਾਰ ਰਹੇ ਹਨ ਅਤੇ ਇਹਨਾਂ ਕੋਰਸਾਂ ਵਿੱਚ ਕਾਲਜ ਦੇ ਇਹਨਾਂ ਵਿਦਿਆਰਥੀਆਂ ਦੇ ਪਹਿਲੇ ਗਰੁੱਪ ਨੇ ਡਿਗਰੀ ਹਾਸਲ ਕਰ ਲਈ ਹੈ। ਇਸੇ ਤਰ੍ਹਾਂ ਬੀ.ਕਾਮ ਪ੍ਰੋਫੈਸ਼ਨਲ, ਐਮ.ਕਾਮ, ਬੀ.ਐਸ.ਸੀ. ਨਾਨ ਮੈਡੀਕਲ, ਬੀ.ਸੀ.ਏ ਵਿੱਚ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ ਹੈ ਅਤੇ ਇਹਨਾਂ ਕੋਰਸਾਂ ਦੇ ਵਿਦਿਆਰਥੀਆਂ ਨੇ ਵੀ ਮੈਰਿਟ ਵਿੱਚ ਜਾਂ ਚੰਗੇ ਨੰਬਰ ਹਾਸਲ ਕਰ ਕੇ ਕਾਲਜ ਦਾ ਨਾਂ ਰੌਸ਼ਨ ਕੀਤਾ ਹੈ।

ਇਸ ਸਬੰਧੀ ਬੀ.ਏ. ਦੇ ਵਿਸ਼ੇ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜਰੂਰਤ ਹੈ।

ਮਹਾਂਰਾਣੀ ਸਤਿੰਦਰ ਕੌਰ ਸਕੂਲ ਦੇ ਨਤੀਜੇ ਵੀ ਸੰਤੋਸ਼ ਜਨਕ ਰਹੇ ਹਨ ਅਤੇ ਵਿਦਿਆਰਥੀਆਂ ਨੇ ਬਲਾਕ ਪੱਧਰ ਤੱਕ ਅਗਲੇਰੀਆਂ ਪੁਜੀਸ਼ਨਾਂ ਹਾਸਲ ਕੀਤੀਆਂ ਹਨ। ਪਰ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟ ਗਈ ਹੈ।ਵਧੇਰੇ ਧਿਆਨ ਦੇਣ ਦੀ ਜ਼ਰੂਰਤ ਹੈ।

ਫਾਰਮੇਸੀ ਕਾਲਜ ਦੇ ਨਤੀਜੇ ਵੀ ਸ਼ਾਨਦਾਰ ਰਹੇ ਹਨ। ਬੀ.ਫਾਰਮਾ ਦੇ 17 ਵਿਦਿਆਰਥੀ ਮੈਰਿਟ ਵਿੱਚ ਆਏ ਹਨ।

## ਸੈਮੀਨਾਰ ਅਤੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ :-

ਕਾਲਜ ਵਿੱਚ ਨਵਾਂ ਸ਼ੈਸ਼ਨ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਾਸਪੈਕਟਸ ਜਾਰੀ ਕਰਨ ਸਮੇਂ ਮਹੱਤਵਪੂਰਨ ਸਖਸ਼ੀਅਤਾਂ ਨੂੰ ਬੁਲਾਇਆ ਗਿਆ ਜਿਹਨਾਂ ਵਿੱਚ ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀਮਤੀ ਗੁਰਨੀਤ ਤੇਜ, ਆਈ.ਏ.ਐਸ. , ਡਾ.ਆਰ.ਐਸ.ਪਰਮਾਰ ਅਤੇ ਮੈਡਮ ਕੰਵਰਦੀਪ ਕੌਰ ਆਈ.ਪੀ.ਐਸ. ਆਦਿ ਸ਼ਾਮਿਲ ਹਨ। ਕਾਲਜ ਵਿੱਚ ਪਿਛਲੇ ਕਈ ਸਾਲਾਂ ਤੋਂ ਸੈਮੀਨਾਰ।ਵਿੱਦਿਅਕ ਟੂਰਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਤਾਂ ਕਿ ਵਿਦਿਆਰਥੀ ਅਤੇ ਫੈਕਲਟੀ ਆਪਣੇ ਵਿਸੇ ਵਿੱਚ ਸਮੇਂ ਦੇ ਹਾਣੀ ਬਣ ਸਕਣ। ਇਸ ਸਬੰਧੀ ਲਗਾਏ ਕੁਝ ਸੈਮੀਨਾਰ ਇਸ ਪ੍ਰਕਾਰ ਹਨ।

1. ਕਾਲਜ ਵਿੱਚ ਇਮਰਜਿੰਗ ਟਰੈਂਡਜ਼ ਈ-ਕਾਮਰਸ ਤੇ ਫੂਡ ਪ੍ਰੋਸੈਸਿੰਗ ਵਿਸ਼ੇ ਤੇ ਨੈਸ਼ਨਲ ਸੈਮੀਨਾਰ ਕਰਵਾਇਆ ਜਿਸ ਵਿੱਚ 400 ਦੇ ਕਰੀਬ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਾਗ ਲਿਆ। ਕੁਇਜ਼ ਦੇ ਮੁਕਾਬਲੇ ਆਯੋਜਿਤ ਕੀਤੇ ਗਏ।ਸੈਮੀਨਾਰ ਦੀ ਵਿਸ਼ੇਸ਼ਤਾ ਇਸ ਵਿੱਚ ਹੈ ਕਿ ਸਕੱਤਰ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਉਪਰਾਲੇ ਸਦਕਾ ਭਾਰਤ ਦੇ ਪ੍ਰਸਿੱਧ ਅਰਥ ਸ਼ਾਸ਼ਤਰੀ ਡਾ. ਜੀ.ਡੀ ਅਗਰਵਾਲ ਚੈਅਰਮੈਨ ਇੰਡਿਅਨ ਇਸਟੀਚਿਊਟ ਆਫ ਫਾਇਨਾਂਸ ਨਵੀਂ ਦਿੱਲੀ ਅਤੇ ਆਡੀਟਰ ਫਾਇਨਾਂਸ ਇੰਡੀਆ ਨੇ ਵਿਦਿਆਰਥੀਆਂ ਨੂੰ ਵਿਸ਼ੇ ਦੀ ਜਾਣਕਾਰੀ ਦਿੱਤੀ।
2. ਕਾਲਜ ਵਿੱਚ ਬਾਇਓਟੈਕਨਾਲੋਜੀ ਵਿਭਾਗ ਵੱਲੋਂ ਜਰਮਨ ਕੰਪਨੀ ਐਪਨ ਡਰੋਪ ਗਰੇਡਿੰਅਨ ਚੇਨੰਈ ਨੇ ਪੀ.ਸੀ. ਆਰ. ਮੋਲੋਕੁਲਰ ਡੀ.ਐਨ.ਏ ਬੈਂਡ ਦੇਖਣ ਦੀ ਜਾਣਕਾਰੀ ਦਿੱਤੀ।
3. ਕਾਲਜ ਵਿੱਚ ਗਣਿਤ ਵਿਭਾਗ ਨੇ ਮੈਥੈਮੇਟਿਕ ਮੋਡਲਿੰਗ ਵਿਸ਼ੇ ਉੱਤੇ ਸੈਮੀਨਾਰ ਕਰਵਾਇਆ ਜਿਸ ਨੂੰ ਆਈ.ਆਈ ਟੀ ਰੂਪਨਗਰ ਦੇ ਪ੍ਰੋ.ਏ.ਕੇ ਗੁਪਤਾ ਨੇ ਸੰਬੋਧਨ ਕੀਤਾ ਅਤੇ ਗਣਿਤ ਵਿਭਾਗ ਦੇ ਵਿਦਿਆਰਥੀਆਂ ਨੇ ਆਈ ਆਈ ਟੀ ਰੂਪਨਗਰ ਦਾ ਦੌਰਾ ਕੀਤਾ ਜਿੱਥੇ ਉਹਨਾਂ ਨੂੰ ਉੱਥੇ ਦੀ ਫੈਕਲਟੀ ਨੇ ਵਿਸ਼ੇਸ਼ ਲੈਕਚਰ ਦਿੱਤੇ।
4. ਕਾਲਜ ਵਿੱਚ ਡਿਪਾਰਟਮੈਂਟ ਆਫ ਸਾਇੰਸ ਐਡ ਟੈਕਨਾਲੋਜੀ ਦੀ ਸਰਪਰਸਤੀ ਥੱਲੇ ਰਿਜਨਲ ਸੈਂਟਰ ਚੰਡੀਗੜ੍ਹ ਵੱਲੋਂ ਤਿੰਨ ਰੋਜਾ ਸਵੈ ਰੋਜਗਾਰ ਵਰਕਸ਼ਾਪ ਕੀਤੀ ਗਈ ਜਿਸ ਵਿੱਚ ਰਿਜਨਲ ਸੈਂਟਰ ਦੇ ਮੁਖ ਬੁਲਾਰੇ ਸ.ਪਰਮਜੀਤ ਸਿੰਘ ਸਨ। ਇਸ ਵਿੱਚ 150 ਤੋਂ ਵੱਧ ਕਮਰਸ, ਬਾਇਓਟੈਕਨਾਲੋਜੀ, ਬੀ.ਸੀ.ਏ ,ਬੀ.ਬੀ.ਏ. ਦੇ ਵਿਦਿਆਰਥੀਆਂ ਨੇ ਭਾਗ ਲਿਆ ।
5. ਕਾਲਜ ਵਿੱਚ ਇੰਡਸਟਰੀ ਇਸਟੀਚਿਊਟ ਪਾਟਨਰਸ਼ਿਪ ਪ੍ਰੋਗਰਾਮ ਅਧੀਨ ਫੂਡ ਪ੍ਰੋਸੈਸਿੰਗ ਅਤੇ ਬਾਇਓਟੈਕਨਾਲੋਜੀ ਵਿਭਾਗ ਦੇ 150 ਵਿਦਿਆਰਥੀਆਂ ਨੇ ਹਿੱਸਾ ਲਿਆ ਪ੍ਰੋਗਰਾਮ ਦਾ ਉਦਘਾਟਨ ਮੈਡਮ ਮਨੋਰਮਾ ਚੌਧਰੀ ਐਮ.ਡੀ. ਹਿਮਗਿਰੀ ਬੀਵਰੇਜ ਨਾਲਾਗੜ ਨੇ ਕੀਤਾ। ਇਸ ਵਿੱਚ ਦੂਸਰੇ ਬੁਲਾਰੇ ਡਾ. ਬਲਦੇਵ ਸਿੰਘ ਡਿਪਟੀ ਡਾਇਰੈਕਟਰ ਡੇਅਰੀ ਉਦਯੋਗ ਸਨ। ਪ੍ਰੋਗਰਾਮ ਵਿੱਚ ਇਹਨਾਂ ਤੋਂ ਇਲਾਵਾ ਡਾ. ਸਰਵੇਸ਼ ਮਾਲਵੀਆ ਨੇ ਵੀ ਸੰਬੋਧਨ ਕੀਤਾ।

ਕਾਲਜ ਵਿੱਚ ਭਰੂਣ ਹੱਤਿਆ ਅਤੇ ਬੇਟੀ ਬਚਾਓ ਵਿਸ਼ੇ ਉੱਤੇ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਨੂੰ ਡਾ. ਇੰਦਰਜੀਤ ਸਿੰਘ ਭਾਟੀਆ ਦੀ ਅਗਵਾਈ ਵਿੱਚ ਆਈ ਹੋਈ ਟੀਮ ਨੇ ਸੰਬੋਧਨ ਕੀਤਾ। ਇਸ ਸੈਮੀਨਾਰ ਵਿੱਚ ਡਾ. ਹਰਿੰਦਰ ਕੌਰ ਸਿਵਲ ਸਰਜਨ ਅਤੇ ਸ਼੍ਰੀ ਟੀ.ਆਰ ਸਾਰੰਗਲ ਰਿਟਾਇਡ ਆਈ.ਏ.ਐਸ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ।

ਕਾਲਜ ਵਿੱਚ ਭਾਰਤ ਸਕਾਊਟ ਅਤੇ ਗਾਇਡ ਵੱਲੋਂ ਸਕਾਊਟਿੰਗ ਐਂਡ ਮੈਸੰਜਰ ਆਫ ਪੀਸ ਵਿਸ਼ੇ ਉੱਤੇ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਨੂੰ ਸਟੇਟ ਕਮਿਸ਼ਨਰ ਸਕਾਊਟ ਓਕਾਂਰ ਸਿੰਘ ਅਤੇ ਜਿਲਾ ਕਮਿਸ਼ਨਰ ਸਕਾਊਟ ਪਰਮਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸਕਾਊਟਿੰਗ ਦੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ।

## ਫਾਰਮੇਸੀ ਕਾਲਜ:-

ਫਾਰਮੇਸੀ ਕਾਲਜ ਬੇਲਾ ਵਿੱਚ ਵੀ ਸਮੇਂ-ਸਮੇਂ ਉੱਤੇ ਸੈਮੀਨਾਰ ਅਤੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਕਰਵਾਏ ਗਏ ਹਨ। ਇਹਨਾਂ ਵਿੱਚ ਇੰਡੀਅਨ ਫਾਰਮੇਸੀ ਗ੍ਰੈਜੂਏਸ਼ਨ ਵੱਲੋਂ ਸਪਾਂਸਰ ਨੈਸ਼ਨਲ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਡਾ. ਮਿਲਿੰਦ ਪਾਰਲੇ ਗੁਰੂ ਜੰਮਬੇਸ਼ਵਰ ਯੂਨੀਵਰਸਿਟੀ ਬਠਿੰਡਾ ਡਾ. ਅਸੀਸ ਭਾਰਤੀ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਅਤੇ ਮਿਸ ਰੇਨੂੰ ਬਾਲਾ ਡਰੇਨ ਫਾਰਮਾ ਪ੍ਰਾਇਵੇਟ ਲਿਮਿਟਿਡ ਨੇ ਸੰਬੋਧਨ ਕੀਤਾ।

ਫਾਰਮੇਸੀ ਕਾਲਜ ਦੀ ਸਿਲਵਰ ਜੁਬਲੀ -ਕਾਲਜ ਦੇ ਸਿਲਵਰ ਜੁਬਲੀ ਸਾਲ ਨੂੰ ਮੁੱਖ ਰੱਖਦਿਆ ਫੰਡਾਮੈਂਟਲ ਅਤੇ ਪ੍ਰੋਸਪੈਕਟੀਵ ਆਫ ਫਾਰਮਾ ਐਜੂਕੈਸ਼ਨਲ ਅਤੇ ਰਿਸਰਚ ਦੇ ਵਿਸ਼ੇ ਤੇ ਸੈਮੀਨਾਰ ਕੀਤਾ ਗਿਆ। ਇਸੇ ਤਰ੍ਹਾਂ ਹੀ ਅਲਕੋਹਲ ਫਰੀ ਸੁਸਾਇਟੀ ਵਿਸ਼ੇ ਉੱਤੇ ਵਰਕਸ਼ਾਪ ਕਰਵਾਈ ਗਈ ਜਿਸ ਵਿੱਚ 75 ਵਿਦਿਆਰਥੀਆਂ ਨੇ ਭਾਗ ਲਿਆ।

ਯੂਥ ਫੈਸਟੀਵਲ ਵਿੱਚ ਕਾਲਜ ਦੀ ਕਾਰਗੁਜ਼ਾਰੀ ਸ਼ਾਨਦਾਰ ਰਹੀ।

ਫਾਰਮੇਸੀ ਕਾਲਜ ਦੇ ਹਰ ਵਿਭਾਗ ਵੱਲੋਂ ਵੱਖ-ਵੱਖ ਸਮੇਂ ਉੱਤੇ ਵਿੱਦਿਅਕ ਟੂਰ ਆਯੋਜਿਤ ਕੀਤੇ ਜਾਂਦੇ ਹਨ।

## ਸਪੋਰਟਸ:

ਪਿਛਲੇ ਕਈ ਸਾਲਾਂ ਤੋਂ ਸਪੋਰਟਸ ਵਿਭਾਗ ਵੱਲੋਂ ਯੂਨੀਵਰਸਿਟੀ ਵਿੱਚ ਵੱਖ-ਵੱਖ ਖੇਡਾਂ ਵਿੱਚ ਹਿੱਸਾ ਲਿਆ ਗਿਆ ਜਿਹਨਾਂ ਵਿੱਚ ਹਾਕੀ, ਕੁਸ਼ਤੀ, ਜੁੱਡੋ, ਕ੍ਰਿਕਟ, ਤੈਰਾਕੀ ਆਦਿ ਸ਼ਾਮਿਲ ਹਨ ਅਤੇ ਇਹਨਾਂ ਵਿੱਚ ਪੁਜੀਸ਼ਨਾਂ ਹਾਸਲ ਕੀਤੀਆ।

1. ਸਾਲ 2015-16 ਦੌਰਾਨ ਸਾਡੇ ਕਾਲਜ ਦੀ ਹਾਕੀ ਟੀਮ ਨੇ ਰਜਿੰਦਰਾ ਕਾਲਜ ਬਠਿੰਡਾ ਵਿੱਚ ਕਰਵਾਏ ਗਏ ਹਾਕੀ ਮੁਕਾਬਲਿਆਂ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।
2. ਸਾਲ 2015-16 ਦੌਰਾਨ ਜੁੱਡੋ ਵਿੱਚ ਦੋ ਕਾਂਸੀ ਦੇ ਤਗਮੇ ਪ੍ਰਾਪਤ ਕੀਤੇ।
3. ਸਾਲ 2015-16 ਦੌਰਾਨ ਕੁਸ਼ਤੀਆਂ ਵਿੱਚ ਤਿੰਨ ਕਾਂਸੀ ਦੇ ਤਗਮੇ ਪ੍ਰਾਪਤ ਕੀਤੇ।
4. ਸਾਲ 2016-17 ਦੌਰਾਨ ਤੈਰਾਕੀ ਵਿੱਚ ਦੋ ਕਾਂਸੀ ਦੇ ਤਗਮੇ ਪ੍ਰਾਪਤ ਕੀਤੇ।
5. ਸਾਲ 2016-17 ਦੌਰਾਨ ਜੁੱਡੋ ਵਿੱਚ ਇੱਕ ਚਾਂਦੀ ਅਤੇ ਦੋ ਕਾਂਸੀ ਦੇ ਤਗਮੇ ਪ੍ਰਾਪਤ

ਕੀਤੇ।

**6.** ਸਾਲ 2016-17 ਦੌਰਾਨ ਕੁਸ਼ਤੀਆਂ ਵਿੱਚ ਇੱਕ ਚਾਂਦੀ ਅਤੇ ਦੋ ਕਾਂਸੀ ਦੇ ਤਗਮੇ ਪ੍ਰਾਪਤ ਕੀਤੇ।

**7.** ਸਾਲ 2017-18 ਦੌਰਾਨ ਕਾਲਜ ਦੀ ਕ੍ਰਿਕਟ ਟੀਮ ਨੇ ਜੋਨ ਵਿੱਚ ਦੂਜੀ ਪੁਜੀਸ਼ਨ ਹਾਸਿਲ ਕੀਤੀ।

**8.** ਸਾਲ 2017-18 ਦੌਰਾਨ ਕੁਸ਼ਤੀਆਂ ਵਿੱਚ ਤਿੰਨ ਚਾਂਦੀ ਅਤੇ ਦੋ ਕਾਂਸੀ ਦੇ ਤਗਮੇ ਪ੍ਰਾਪਤ ਕੀਤੇ।

ਕਾਲਜ ਵਿੱਚ ਹਰ ਸਾਲ ਸਾਲਾਨਾ ਖੇਡਾਂ ਦਾ ਆਯੋਜਨ ਕੀਤਾ ਜਾਂਦਾ ਹੈ ਜੋ ਕਿ ਇਸ ਵਾਰ ਹੁਣ ਤੱਕ ਨਹੀਂ ਹੋ ਸਕੀਆਂ।

## ਮਹੱਤਵਪੂਰਨ ਦਿਨ ਮਨਾਉਣ ਸਬੰਧੀ:-

ਕਾਲਜ ਵਿੱਚ ਹਰ ਸਾਲ 26 ਜਨਵਰੀ, 15 ਅਗਸਤ, ਮਾਂ ਬੋਲੀ ਦਿਵਸ, ਲੋਹੜੀ, ਹੋਲੀ, ਅੰਤਰਰਾਸ਼ਟਰੀ ਮਹਿਲਾ ਦਿਵਸ, ਅਧਿਆਪਕ ਦਿਵਸ, ਵਣ ਮਹਾਂ ਉਤਸਵ , ਵਿਸ਼ਵ ਫਾਰਮਾਸਿਸਟ ਦਿਵਸ ਮਨਾਏ ਜਾਂਦੇ ਹਨ। ਇਸ ਵਿੱਚ ਐਨ.ਐਸ.ਐਸ/ਐਨ.ਸੀ.ਸੀ ਪਰੇਡ ਅਤੇ ਹੋਰ ਵੱਖ-ਵੱਖ ਮੁਕਾਬਲੇ ਕਰਵਾਏ ਜਾਂਦੇ ਹਨ।

## ਸੱਭਿਆਚਾਰਕ ਪ੍ਰੋਗਰਾਮ:-

ਸਾਡਾ ਕਾਲਜ ਖੇਤਰੀ ਮੇਲਿਆਂ ਵਿੱਚ ਲਗਾਤਾਰ ਥਿਏਟਰ ਟਰਾਫੀ, ਭੰਗੜਾ, ਮਮਿਕਰੀ ਆਦਿ ਮੁਕਾਬਲਿਆਂ ਵਿੱਚ ਮੁਹਰਲੀਆਂ ਪੁਜੀਸ਼ਨਾਂ ਹਾਸਲ ਕਰਦਾ ਆ ਰਿਹਾ ਹੈ। ਇਹਨਾਂ ਮੁਕਾਬਲਿਆਂ ਵਿੱਚ ਯੂਨੀਵਰਸਿਟੀ, ਅੰਤਰ-ਯੂਨੀਵਰਸਿਟੀ ਪੁਜੀਸ਼ਨਾ ਹਾਸਲ ਕਰਦਾ ਆ ਰਿਹਾ ਹੈ। ਇੱਥੇ ਅਸੀਂ ਇਹਨਾਂ ਦਾ ਖਾਸ ਵਰਣਨ ਕਰਦੇ ਹਾਂ:-

1. ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਹੋਏ ਅੰਤਰ ਜ਼ੋਨਲ ਯੁਵਕ ਮੇਲੇ ਦੌਰਾਨ ਵੈਸਟਰਨ ਮਿਊਜ਼ਿਕ ਵੋਕਲ ਵਿੱਚੋਂ ਪ੍ਰਥਮ ਸਥਾਨ ਹਾਸਲ ਕੀਤਾ।
2. ਸਰਕਾਰੀ ਕਾਲਜ, ਰੋਪੜ ਵਿਖੇ ਹੋਏ ਖੇਤਰੀ ਯੁਵਕ ਮੇਲੇ ਦੌਰਾਨ ਪੁਰਾਤਨ ਪੰਜਾਬੀ ਪਹਿਰਾਵੇ ਵਿੱਚ ਪ੍ਰਥਮ ਸਥਾਨ , ਭੰਗੜੇ ਵਿੱਚ ਪ੍ਰਥਮ ਸਥਾਨ, ਨਾਟਕ ਮੁਕਾਬਲੇ ਵਿੱਚ ਤੀਸਰਾ ਸਥਾਨ, ਪੀੜ੍ਹੀ ਬਨਾਉਣ ਵਿੱਚ ਪਹਿਲਾ ਸਥਾਨ, ਵਾਰ ਗਾਇਨ ਮੁਕਾਬਲੇ ਵਿੱਚ ਚੌਥਾ ਸਥਾਨ ਹਾਸਲ ਕੀਤੇ।
3. ਧੀ ਪੰਜਾਬ ਦੀ ਪ੍ਰਤੀਯੋਗਤਾ ਵਿੱਚ ਸ਼ਰਨਪ੍ਰੀਤ ਕੌਰ ਸੁਚੱਜੀ ਮੁਟਿਆਰ ਚੁਣੀ ਗਈ।

## ਸੈਮੀਨਾਰ:

ਕਾਲਜ ਵਿੱਚ ਹਰ ਸਾਲ ਅੰਤਰ ਕਾਲਜ ਕਾਵਿ ਉਚਾਰਨ ਮੁਕਾਬਲੇ ਕਰਵਾਏ ਜਾਂਦੇ ਹਨ। ਜਿਸ ਵਿੱਚ ਡਾ. ਰਾਜਿੰਦਰਪਾਲ ਸਿੰਘ ਬਰਾੜ ਆਡਿਸ਼ਨਲ ਡੀਨ ਕਾਲਜ ਵਿਕਾਸ ਕੋਸਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਮੁੱਖ ਮਹਿਮਾਨ ਦੇ ਤੌਰ ਦੇ ਪਹੁੰਚੇ, ਜਿਸ ਵਿੱਚ 12 ਕਾਲਜਾਂ ਨੇ ਭਾਗ ਲਿਆ ਅਤੇ ਮੈਡਮ ਕੰਵਰਦੀਪ ਕੌਰ ਆਈ.ਪੀ.ਐਸ. ਵੀ ਸ਼ਾਮਲ ਸਨ।

## ਫੈਕਲਟੀ ਡਿਵੈਲਪਮੈਂਟ ਅਤੇ ਪੁਸਤਕ ਰਿਲੀਜ਼:-

1. ਪ੍ਰਿੰਸੀਪਲ ਸ. ਸੁਰਮੁਖ ਸਿੰਘ ਨੂੰ ਗਲੋਬਲ ਅਚੀਵਰ ਫਾਊਂਡੇਸ਼ਨ ਨਵੀਂ ਦਿੱਲੀ ਵੱਲੋਂ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਪੁਰਸਕਾਰ ਸਾਬਕਾ ਡਾਇਰੈਕਟਰ ਸੀ.ਬੀ.ਆਈ. ਸ. ਜੋਗਿੰਦਰ ਸਿੰਘ ਵੱਲੋਂ ਦਿੱਤਾ ਗਿਆ।
2. ਪ੍ਰੋ. ਮਮਤਾ ਅਰੋੜਾ ਨੂੰ ਭਾਰਤ ਸਕਾਊਟ ਐਂਡ ਗਾਇਡ ਦੇ ਰਾਜ ਪੱਧਰੀ ਸਮਾਗਮ ਵਿੱਚ ਸ੍ਰੀ ਪਰਦੀਪ ਅਗਰਵਾਲ ਆਈ.ਏ.ਐਸ. ਵੱਲੋਂ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ।
3. ਕਾਲਜ ਵੱਲੋਂ ਹਿਊਮਨ ਰਾਇਟਸ ਕਲਚਰ ਸਿਵਲਲਾਇਜੇਸ਼ਨ ਇੰਨ ਗਲੋਬਲ ਲਾਇਜੇਸ਼ਨ ਵਰਲਡ ਪੁਸਤਕ ਡਿਪਟੀ ਕਮਿਸ਼ਨਰ ਸ੍ਰੀ ਕਰਨੇਸ਼ ਸ਼ਰਮਾ ਨੇ ਲਾਂਚ ਕੀਤੀ। ਇਸ ਪੁਸਤਕ ਦੇ ਆਡੀਟਰ ਮੈਡਮ ਮਮਤਾ ਅਰੋੜਾ ਹਨ। ਇਸ ਪੁਸਤਕ ਵਿੱਚ ਨਾਮਵਰ ਲੇਖਕਾਂ ਤੋਂ ਇਲਾਵਾ ਆਪਣੇ ਕਾਲਜ ਦੀ ਫੈਕਲਟੀ ਵੱਲੋਂ ਵੀ ਲੇਖ ਲਿਖੇ ਗਏ ਹਨ।
4. ਪੰਜਾਬੀ ਵਿਭਾਗ ਦੀ ਮੁਖੀ ਡਾ. ਹਰਪ੍ਰੀਤ ਕੌਰ ਵੱਲੋਂ ਲਿਖੀ ਪੁਸਤਕ ਮੱਧ ਕਾਲੀਨ ਅਤੇ ਆਧੁਨਿਕ ਪੰਜਾਬੀ ਸਾਹਿਤ ਮੁਲਾਂਕਣ ਡਿਪਟੀ ਕਮਿਸ਼ਨਰ ਰੂਪਨਗਰ ਅਤੇ ਐਸ.ਡੀ.ਐਮ. ਸ਼੍ਰੀ ਚਮਕੌਰ ਸਾਹਿਬ ਨੇ ਜਾਰੀ ਕੀਤੀ।

## ਸਮਾਜ ਭਲਾਈ ਦੇ ਖੇਤਰ ਵਿੱਚ ਗਤੀਵਿਧਿਆ:-

1. ਕਾਲਜ ਵੱਲੋਂ ਪਿੰਡ ਬੇਲਾ ਦੇ ਮੁੱਖ ਬਜਾਰ ਦੀ ਮਹੱਤਵਪੂਰਨ ਜਰੂਰਤ ਨੂੰ ਮੁੱਖ ਰੱਖਦਿਆਂ ਸਟਰੀਟ ਲਾਈਟਾਂ ਲਗਵਾ ਕੇ ਦਿੱਤੀਆਂ ਜਿਸ ਵਿੱਚ **ਸ. ਬਘੇਲ ਸਿੰਘ ਐਮ.ਡੀ ਗੋਬਿੰਦ ਵੈਲੀ ਨੇ ਬਿਜਲੀ ਦੇ ਪੋਲਾਂ ਦੀ ਮੁਫਤ ਸੇਵਾ ਕੀਤੀ**, ਕਮੇਟੀ ਉਹਨਾਂ ਦਾ ਵਿਸ਼ੇਸ਼ ਧੰਨਵਾਦ ਕਰਦੀ ਹੈ। ਇੱਥੇ ਤੱਕ ਕੀ ਪਿਛਲੇ 2 ਸਾਲ ਦੇ ਵੱਧ ਸਮੇਂ ਤੋਂ ਇਹਨਾਂ ਦਾ ਬਿਜਲੀ ਦਾ ਬਿੱਲ ਅਤੇ ਮੁਰੰਮਤ ਦਾ ਕੰਮ ਕਾਲਜ ਵੱਲੋਂ ਕਰਵਾਇਆ ਜਾ ਰਿਹਾ ਹੈ। ਸਟਰੀਟ ਲਾਈਟਾਂ ਦੇ ਉਦਘਾਟਨ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਮੈਂਬਰ ਪਾਰਲੀਮੈਂਟ ਨੇ ਸਤੰਬਰ 2015 ਵਿੱਚ ਕੀਤਾ। ਇਸ ਤੋਂ ਇਲਾਵਾ ਕਾਲਜ ਵੱਲੋਂ ਕਾਲਜ ਦੀ ਬਾਹਰ ਮਾਰਕੀਟ ਨੂੰ ਟਾਇਲਟ ਬਣਾ ਕੇ ਦਿੱਤੀ ਗਈ।
2. ਕਾਲਜ ਕਮੇਟੀ ਵੱਲੋਂ ਇਲਾਕੇ ਦੇ ਵਿਦਿਆਰਥੀਆਂ ਲਈ ਇਕ ਮਹੀਨੇ ਦੀ ਮੁਫਤ ਕੰਪਿਊਟਰ ਬੇਸਿਕ ਟਰੇਨਿੰਗ ਦਿੱਤੀ ਗਈ ਜਿਸ ਦੇ ਸਰਟੀਫਿਕੇਟ ਡਿਪਟੀ ਕਮਿਸ਼ਨਰ ਰੂਪਨਗਰ ਨੇ ਜਾਰੀ ਕੀਤੇ।
3. ਇਲਾਕੇ ਦੇ ਸੀਨੀਅਰ ਸਕੂਲਾਂ ਦੇ ਮੁਖੀਆਂ ਦੀ ਇੱਕਤਰਤਾ ਜਿਲ ਸਿੱਖਿਆ ਅਫਸਰ ਦੀ ਅਗਵਾਈ ਹੇਠ ਕਰਵਾਈ ਗਈ।
4. ਇਸ ਸਾਲ ਵੀ ਫਾਰਮੇਸੀ ਕਾਲਜ ਵੱਲੋਂ ਤਹਿਸੀਲ ਦੇ ਹਾਈ ਸਕੂਲਾਂ ਅਤੇ ਮਿਡਲ ਸਕੂਲਾਂ ਦੇ ਸਾਇੰਸ ਪਰਦਰਸ਼ਨੀ ਦਾ ਆਯੋਜਨ ਬੀਬੀ ਸ਼ਰਨ ਕੌਰ ਹਾਲ ਵਿੱਚ ਕੀਤਾ ਗਿਆ।
5. ਕਾਲਜ ਐਨ.ਸੀ.ਸੀ./ਐਨ.ਐਸ.ਐਸ. ਵਲੰਟੀਅਰਾਂ ਨੇ ਸੱਤ ਰੋਜ਼ਾ ਕੈਂਪ ਲਾਇਆ ਅਤੇ ਬੇਲਾ ਪਿੰਡ ਵਿੱਚ ਨਸ਼ਾ ਵਿਰੋਧੀ ਰੈਲੀ ਵੀ ਕੱਢੀ।

## ਓਲਡ ਸਟੂਡੈਂਟ ਐਸੋਸੀਏਸ਼ਨ :-

ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੀ ਇਹ ਸੰਸਥਾ ਬਕਾਇਦਾ ਰਜਿਸਟਰ ਹੋ ਚੁੱਕੀ

ਹੈ ਅਤੇ ਇਸ ਦੀ ਮੀਟਿੰਗ ਸਥਾਪਨਾ ਦਿਵਸ ਨਾਲ ਹੀ ਹੁੰਦੀ ਹੈ ਜਿਸ ਵਿੱਚ ਹਾਜਰੀ ਬਹੁਤ ਘੱਟ ਹੁੰਦੀ ਹੈ।

## ਯੂ.ਜੀ.ਸੀ. ਗਰਾਂਟਾਂ :-

ਕਾਲਜ ਯੂ.ਜੀ.ਸੀ.ਵਿਭਾਗ ਵੱਲੋਂ ਭੇਜੀਆਂ ਸਕੀਮਾਂ ਤਹਿਤ ਹੁਣ ਤੱਕ ਦੋ ਕਰੋੜ ਪੰਜਾਹ ਲੱਖ ਪਚੱਤਰ ਹਜਾਰ ਰੁਪਏ ਦੀਆਂ ਗਰਾਂਟਾਂ ਮੰਨਜੂਰ ਹੋਈਆਂ ਜਿਹਨਾਂ ਵਿੱਚੋਂ ਇੱਕ ਕਰੋੜ ਛਿਆਸੀ ਲੱਖ ਸੱਤ ਹਜਾਰ ਰੁਪਏ ਆ ਚੱਕੇ ਹਨ ਅਤੇ ਇਹ ਸਬੰਧਤ ਸਕੀਮਾਂ ਤੇ ਖਰਚ ਹੋ ਚੱਕੀਆਂ ਹਨ। ਬਾਕੀ 64,15000/- ਰੁਪਏ ਲਈ ਕੋਸ਼ਿਸ਼ ਜਾਰੀ ਹੈ ਜਲਦੀ ਮਿਲਣ ਦੀ ਉਮੀਦ ਹੈ।

**ਉਪਰੋਕਤ ਗ੍ਰਾਂਟਾਂ ਜਿਸ ਮੰਤਵ ਲਈ ਮੰਨਜੂਰ ਹੋਈਆਂ ਸਨ ਉਹਨਾਂ ਤੇ ਹੀ ਨਿਯਮਾਂ ਅਨੁਸਾਰ ਖਰਚ ਕੀਤੀਆਂ ਗਈਆਂ ਹਨ।**

## ਕੋਰਟ ਕੇਸਾਂ ਸਬੰਧੀ:-

**ਇਸ ਸਮੇਂ ਵਿੱਚ ਮੌਜੂਦਾ ਜਾਂ ਪੁਰਾਣੇ ਸਟਾਫ ਦਾ ਕੋਈ ਵੀ ਕੇਸ ਅਦਾਲਤਾਂ ਵਿੱਚ ਨਹੀਂ ਹੈ।**

**ਵਿਦਿਆਰਥੀਆਂ ਦੀ ਭਲਾਈ ਲਈ:-**

1. ਸੰਨ 2014 ਵਿੱਚ ਪਹਿਲੇ ਸਕਾਲਰਸ਼ਿਪ ਤੋਂ ਇਲਾਵਾ 10 ਨਵੇਂ ਸਕਾਲਰਸ਼ਿਪ ਸ਼ੁਰੂ ਕੀਤੇ ਗਏ।
2. ਵਿਦਿਆਰਥੀਆਂ ਦੇ ਲਈ ਸ਼ੁੱਧ ਪਾਣੀ ਦੀ ਵਿਵਸਥਾ ਲਈ ਆਰ.ਓ ਸਿਸਟਮ ਅਤੇ ਨਵੇਂ ਕੂਲਰ ਲਗਾਏ ਗਏ। ਪਾਣੀ ਦੀ ਕਿੱਲਤ ਨੂੰ ਦੂਰ ਕਰਨ ਲਈ ਨਵੀ ਗਰਾਉਂਡ ਕੋਲ ਇਕ ਛੋਟਾ ਬੋਰ ਕਰਵਾਇਆ ਹੈ।
3. ਸਾਰੇ ਸਟਾਫ ਅਤੇ ਵਿਦਿਆਰਥੀਆਂ ਲਈ ਬੀਮਾ ਯੋਜਨਾ ਸ਼ੁਰੂ ਕੀਤੀ ਗਈ।
4. ਵਿਦਿਆਰਥੀਆਂ ਲਈ ਕੰਨਟੀਨ ਸਹੂਲਤਾਂ ਵਿੱਚ ਵਾਧਾ ਕੀਤਾ ਗਿਆ।

ਬੇਲਾ ਕਾਲਜ ਵਿੱਚ ਸਵਿਟਜ਼ਰਲੈਂਡ ਵੱਲੋਂ ਆਈ ਵਿਦੇਸ਼ੀ ਡੈਲੀਗੇਟ ਟੀਮ ਨੇ ਨਾ ਸਿਰਫ ਕਾਲਜ ਦਾ ਦੌਰਾ ਕੀਤਾ ਸਗੋਂ ਕਮੇਟੀ, ਸਟਾਫ ਦੇ ਨਾਲ ਆਪਣੇ ਵਿਚਾਰਾਂ ਦਾ ਅਦਾਨ ਪ੍ਰਦਾਨ ਕੀਤਾ। ਸਮੁੱਚੇ ਤੌਰ ਤੇ ਪਿਛਲੇ ਲਗਭਗ ਚਾਰ-ਪੰਜ ਸਾਲਾਂ ਤੋਂ ਤਿੰਨਾਂ ਅਦਾਰਿਆਂ ਨੇ ਵੱਡੀਆਂ ਪ੍ਰਾਪਤੀਆਂ ਕਰਕੇ ਇਸ ਖਿੱਤੇ ਵਿੱਚ ਮਿਆਰੀ ਵਿੱਦਿਆ ਦੇਣ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ।ਕਾਲਜ ਦੀਆਂ ਗਤੀਵਿਧੀਆਂ ਪ੍ਰੈਸ ਆਦਿ ਵਿੱਚ ਲਗਾਤਾਰ ਆਉਂਦੀਆਂ ਰਹਿੰਦੀਆਂ ਹਨ। ਇਸ ਸਮੁੱਚਾ ਅਦਾਰਾ ਇਸ ਸਮੇਂ ਪੰਜਾਬ ਪੱਧਰ ਦੀਆਂ ਸੰਸਥਾਵਾਂ ਵਿੱਚ ਆਪਣੀ ਥਾਂ ਬਣਾ ਚੁੱਕਾ ਹੈ।ਇਹ ਸਭ ਕੁਝ ਬੀਬੀ ਰਾਜਬੰਸ ਕੌਰ, ਪ੍ਰਧਾਨ ਪ੍ਰਬੰਧਕ ਕਮੇਟੀ,ਸਮੂਹ ਪ੍ਰਬੰਧਕ ਕਮੇਟੀ ਮੈਂਬਰ ਸਹਿਬਾਨ ,ਸਟਾਫ, ਵਿਦਿਆਰਥੀਆਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸੰਭਵ ਹੋ ਸਕਿਆ ਹੈ।

ਸ਼ੁਭ ਇਛਾਵਾਂ ਸਹਿਤ,
**ਦੇਵਿੰਦਰ ਸਿਘ ਜਟਾਣਾ**
ਸਕੱਤਰ
ਪ੍ਰਬੰਧਕ ਕਮੇਟੀ


BCA



